ਪੰਜਾਬ ਸਰਕਾਰ

ਸਹਿਕਾਰਤਾ ਵਿਭਾਗ

(ਸਹਿਕਾਰਤਾ-2 ਸ਼ਾਖਾ)

## ਪਬਲਿਕ ਨੋਟਿਸ

ਸ੍ਰੀਮਤੀ ਰਘਵਿੰਦਰ ਕੌਰ, ਸੀਨੀਅਰ ਸਹਾਇਕ ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਨੂੰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਵਲੋਂ ਹੁਕਮ ਮਿਤੀ 17.1.2013, ਜੋ ਕਿ ਪਿੱਠ ਅੰਕਣ ਨੰ.ਰਸਸ/ਅਮਲਾ/ਅਸ-3/876-81, ਮਿਤੀ 17.1.2013 ਰਾਹੀਂ ਸਵੈ-ਰੁਜਗਾਰ ਦੇ ਮੰਤਵ ਲਈ ਮਿਤੀ 17.1.2013 ਤੋਂ 16.1.2018 ਤੱਕ 5 ਸਾਲਾਂ ਦੀ ਛੁੱਟੀ ਪ੍ਰਵਾਨ ਕੀਤੀ ਸੀ। ਸਵੈ-ਰੁਜਗਾਰ ਦੇ ਮੰਤਵ ਲਈ ਛੁੱਟੀ ਮੰਨਜੂਰ ਕਰਵਾਉਣ ਸਮੇਂ ਆਪਣੇ ਘਰ ਦਾ ਅਡਰੈਸ ਗਲਤ ਦੱਸ ਕੇ ਦਫਤਰ ਨੂੰ ਗੁੰਮਰਾਹ ਕਰਨ ਅਤੇ ਕੰਡਕਟ ਰੂਲਾਂ ਦੀ ਉਲੰਘਣਾ ਕਰਦੇ ਹੋਏ ਮਿਤੀ 9.10.2012 ਤੋਂ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ ਹਾਜਰ ਰਹਿਣ ਦੇ ਦੋਸ਼ਾਂ ਕਾਰਨ ਸਰਕਾਰ ਦੇ ਯਾਦ ਪੱਤਰ ਨੰ.70/49/2016-ਸੀ.2(4)/3447, ਮਿਤੀ 18.8.2016 ਰਾਹੀਂ ਦੋਸ਼ ਸੂਚੀ ਤਿਆਰ ਕਰਕੇ ਉੱਤਰ 21 ਦਿਨਾਂ ਦੇ ਅੰਦਰ ਅੰਦਰ ਸਮੱਰਥ ਅਧਿਕਾਰੀ ਨੂੰ ਲਿਖਤੀ ਰੂਪ ਵਿੱਚ ਭੇਜਣ ਲਈ ਲਿਖਿਆ ਗਿਆ ਸੀ। ਦੋਸ਼ ਸੂਚੀ ਵਾਲਾ ਪੱਤਰ ਡਾਕ ਵਿਭਾਗ ਤੋਂ (left India) ਰਿਮਾਰਕਸ ਰਾਹੀਂ ਅਨ-ਡਲਿਵਰਡ ਪ੍ਰਾਪਤ ਹੋਇਆ ਹੈ। ਇਸ ਲਈ ਪਬਲਿਕ ਨੋਟਿਸ ਰਾਹੀਂ ਕਰਮਚਾਰੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਦੋਸ਼ ਸੂਚੀ ਦੀ ਕਾਪੀ, ਨੋਟਿਸ ਭੇਜਣ ਤੋਂ 7 ਦਿਨ੍ਹਾਂ ਦੇ ਅੰਦਰ ਅੰਦਰ ਸੁਪਰਡੰਟ, ਸਹਿਕਾਰਤਾ-2 ਸ਼ਾਖਾ, ਕਮਰਾ ਨੰ.724, ਸੱਤਵੀਂ ਮੰਜਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਤੋਂ ਪ੍ਰਾਪਤ ਕਰਕੇ ਆਪਣਾ ਜਵਾਬ 21 ਦਿਨ੍ਹਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਸਮੱਰਥ ਅਧਿਕਾਰੀ ਨੂੰ ਭੇਜੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵਿਰੁੱਧ ਨਿਯਮਾਂ ਅਨੁਸਾਰ ਇੱਕ ਤਰਫਾ ਕਾਰਵਾਈ ਕਰਦੇ ਹੋਏ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ।

ਸਹੀ/-

ਸੁਪਰਡੰਟ,

ਸਹਿਕਾਰਤਾ ਵਿਭਾਗ।

6/3/17

**Superindent,**
**Financial Commissioners' Sectt.,**
**Punjab.**